# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162, +1 (431) 458-6922
ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ   ਸਹਿ ਸੰਪਾਦਕ: ਨਵਜੋਤ ਬਿਲਿੰਗ   ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ   ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਗੁਰਦੁਆਰਾ ਸਿੰਘ ਸਭਾ ਸਰੀ ਵੱਲੋਂ ਵਿਸ਼ਵ ਸਿੱਖ ਵਾਤਾਵਰਣ ਦਿਵਸ ਮੌਕੇ ਵਿਸ਼ੇਸ਼ ਸਮਾਗਮ ਅਤੇ ਰੁੱਖ ਲਾਉਣ ਦੀ ਮੁਹਿੰਮ ਦਾ ਆਗਾਜ਼

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 6 ਮਾਰਚ : ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਸਰੀ ਵੱਲੋਂ ਸਿਟੀ ਆਫ਼ ਸਰੀ ਅਤੇ ਈਕੋਸਿੱਖ ਦੇ ਸਹਿਯੋਗ ਨਾਲ ਸੱਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਰਾਇ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 'ਵਿਸ਼ਵ ਸਿੱਖ ਵਾਤਾਵਰਣ ਦਿਵਸ' ਬੜੀ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਧਾਰਮਿਕ ਸਮਾਗਮ ਅਤੇ ਸਾਲਾਨਾ ਰੁੱਖ ਲਗਾਉਣ ਦੀ ਮੁਹਿੰਮ ਉਲੀਕੀ ਗਈ ਹੈ।




ਗੁਰਦੁਆਰਾ ਪ੍ਰਬੰਧਕਾਂ ਅਨੁਸਾਰ 8 ਮਾਰਚ, ਐਤਵਾਰ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (8115 132 ਸਟਰੀਟ) ਵਿਖੇ ਭਾਈ ਗੁਰਸ਼ਰਨ ਸਿੰਘ ਵੱਲੋਂ ਕੁਦਰਤ ਵਿਸ਼ੇ 'ਤੇ ਕਥਾ ਵਿਚਾਰ ਕੀਤੀ ਜਾਵੇਗੀ। ਉਪਰੰਤ ਕੀਰਤਨ, ਸਾਖੀਆਂ ਅਤੇ ਮਾਹਿਰਾਂ ਦੇ ਭਾਸ਼ਣ ਹੋਣਗੇ। ਇਸ ਮੌਕੇ 'ਗੁਰਬਾਣੀ ਵਿੱਚ ਰੁੱਖ ਅਤੇ ਪੰਜਾਬ ਦੇ ਰੁੱਖ' ਵਿਸ਼ੇ 'ਤੇ ਇੱਕ ਵਿਸ਼ੇਸ਼ ਪ੍ਰਦਰਸ਼ਨੀ ਵੀ ਲਾਈ ਜਾਵੇਗੀ। ਸਮਾਗਮ ਦੇ ਮੁੱਖ ਬੁਲਾਰੇ ਸੈਲ-ਵਾਟੂਥ ਨੇਸ਼ਨ ਦੇ ਰਸਮੀ ਆਗੂ ਰੂਬੇਨ ਜਾਰਜ ਹੋਣਗੇ।

ਇਸੇ ਲੜੀ ਤਹਿਤ ਵਾਤਾਵਰਣ ਦੀ ਸੰਭਾਲ ਲਈ ਸਾਲਾਨਾ ਰੁੱਖ ਲਗਾਉਣ ਦੀ ਮੁਹਿੰਮ 14 ਮਾਰਚ, ਸ਼ਨੀਵਾਰ ਨੂੰ ਹੇਜ਼ਲਨਟ ਮੈਡੋਜ਼ ਕਮਿਊਨਿਟੀ ਪਾਰਕ (14069-68 ਐਵੇਨਿਊ) ਵਿਖੇ ਚਲਾਈ ਜਾਵੇਗੀ। ਪ੍ਰਬੰਧਕਾਂ ਵੱਲੋਂ ਸੰਗਤਾਂ ਅਤੇ ਨੌਜਵਾਨਾਂ ਨੂੰ ਵੱਧ ਚੜ੍ਹ ਕੇ ਸੇਵਾਦਾਰਾਂ ਵਜੋਂ ਸੇਵਾ ਨਿਭਾਉਣ ਦੀ ਅਪੀਲ ਕੀਤੀ ਗਈ ਹੈ। ਵਧੇਰੇ ਜਾਣਕਾਰੀ ਲਈ ਇੱਛੁਕ ਸੱਜਣ 604-590-3232 'ਤੇ ਸੰਪਰਕ ਕਰ ਸਕਦੇ ਹਨ। ਇਹ ਉਪਰਾਲਾ ਗੁਰੂ ਸਾਹਿਬ ਦੇ ਕੁਦਰਤ ਨਾਲ ਪ੍ਰੇਮ ਦੇ ਸੰਦੇਸ਼ ਨੂੰ ਦੁਨੀਆ ਭਰ ਵਿੱਚ ਫੈਲਾਉਣ ਲਈ ਕੀਤਾ ਜਾ ਰਿਹਾ ਹੈ।

## ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਚੋਣ ਹੁਣ ਸਿਰਫ਼ ਪ੍ਰਧਾਨਗੀ ਲਈ 15 ਮਾਰਚ ਨੂੰ ਹੋਵੇਗੀ।

### ਮੁਕਾਬਲਾ ਵਰਤਮਾਨ ਪ੍ਰਧਾਨ ਡਾ. ਸਰਬਜੀਤ ਸਿੰਘ ਅਤੇ ਸ੍ਰੀ ਧੂਰੀ ਵਾਸੀ ਅਮਰ ਗਰਗ "ਕਲਮਦਾਨ ਵਿਚਕਾਰ

### ਡਾ. ਪਾਲ ਕੌਰ ਸੀਨੀਅਰ ਮੀਤ ਪ੍ਰਧਾਨ, ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰਅਤੇ ਪ੍ਰਬੰਧਕੀ ਬੋਰਡ ਬਿਨਾਂ ਮੁਕਾਬਲਾ ਜੇਤੂ

ਲੁਧਿਆਣਾ : 6 ਮਾਰਚ : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਚੋਣ 15 ਮਾਰਚ, 2026 ਨੂੰ ਪੰਜਾਬੀ ਭਵਨ, ਲੁਧਿਆਣਾ ਵਿੱਚ ਸਿਰਫ਼ ਪ੍ਰਧਾਨਗੀ ਦੇ ਅਹੁਦੇ ਲਈ ਹੋਵੇਗੀ। ਵੋਟਾਂ ਸਵੇਰੇ 8 ਵਜੇ ਤੋਂ ਸ਼ਾਮ 3 ਵਜੇ ਤੱਕ ਪੰਜਾਬੀ ਭਵਨ, ਲੁਧਿਆਣਾ ਵੋਟਾਂ ਪੈਣਗੀਆਂ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਲਈ ਡਾ. ਸਰਬਜੀਤ ਸਿੰਘ ਅਤੇ ਸ੍ਰੀ ਅਮਰ ਗਰਗ ਕਲਮਦਾਨ ਚੋਣ ਮੈਦਾਨ ਵਿਚ ਹਨ। ਉਪਰੋਕਤ ਜਾਣਕਾਰੀ ਦਿੰਦਿਆਂ ਮੁੱਖ ਚੋਣ ਅਧਿਕਾਰੀ ਸ੍ਰੀ ਵਿਜੇ ਕੁਮਾਰ ਦੱਤਾ, ਸਹਾਇਕ ਚੋਣ ਅਧਿਕਾਰੀ ਡਾ. ਬਲਵਿੰਦਰ ਸਿੰਘ ਔਲਖ ਗਲੈਕਸੀ ਅਤੇ ਡਾ. ਕੁਲਵਿੰਦਰ ਕੌਰ ਮਿਨਹਾਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਚੋਣ ਵਿਚ ਭਾਗ ਨਾ ਲੈਣ ਵਾਲੇ ਮੈਂਬਰਾਂ ਵਲੋਂ ਨਾਮਜ਼ਦਗੀਆਂ ਵਾਪਸ ਲੈਣ ਉਪਰੰਤ ਡਾ. ਪਾਲ ਕੌਰ ਸੀਨੀਅਰ ਮੀਤ ਪ੍ਰਧਾਨ, ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ, ਮੀਤ ਪ੍ਰਧਾਨਾਂ 'ਚ ਸ੍ਰੀ ਜਸਪਾਲ ਮਾਨਖੇੜਾ, ਸ. ਸਹਿਜਪ੍ਰੀਤ ਸਿੰਘ ਮਾਂਗਟ, ਡਾ. ਗੁਰਚਰਨ ਕੌਰ ਕੋਚਰ, ਡਾ. ਅਰਵਿੰਦਰ ਕੌਰ ਕਾਕੜਾ ਅਤੇ ਸ੍ਰੀਮਤੀ ਸੁਰਿੰਦਰ ਨੀਰ, ਪ੍ਰਬੰਧਕੀ ਬੋਰਡ ਵਿਚ ਡਾ. ਹਰੀ ਸਿੰਘ ਜਾਚਕ, ਭੁਪਿੰਦਰ ਸਿੰਘ ਸੰਧੂ, ਸੰਜੀਵਨ ਸਿੰਘ, ਸਿਮਰਜੀਤ ਕੌਰ ਗਿੱਲ, ਤਰਸਪਾਲ ਕੌਰ, ਮਨਜਿੰਦਰ ਸਿੰਘ ਧਨੋਆ, ਪ੍ਰਭਜੋਤ ਸੋਹੀ, ਨਵਤੇਜ ਗੜ੍ਹਦੀਵਾਲਾ, ਡਾ. ਹਰਵਿੰਦਰ ਸਿੰਘ ਸਿਰਸਾ, ਅੰਮੀਆਂ ਕੁੰਵਰ, ਤ੍ਰੈਲੋਚਨ ਲੋਚੀ, ਰਜਿੰਦਰ ਸਿੰਘ ਰਾਜਨ, ਦੀਪ ਜਗਦੀਪ ਸਿੰਘ, ਮੱਖਣ ਮਾਨ, ਰੋਜ਼ੀ ਸਿੰਘ ਬਿਨਾ ਮੁਕਾਬਲਾ ਜੇਤੂ ਰਹੇ ਹਨ।

## ਸਿੰਗਲ ਟਰੈਕ 'ਪਰੀ' ਹਰ ਵਰਗ ਦੀ ਪਹਿਲੀ ਪਸੰਦ ਬਣਿਆ:- ਚਰਚਿਤ ਲੋਕ ਗਾਇਕ 'ਪੰਮਾ ਸਾਹਿਰ'

### ਸਿੰਗਲ ਟਰੈਕ 'ਪਰੀ' ਨੇ ਸੰਗੀਤ ਜਗਤ ਵਿੱਚ ਮਚਾਈ ਤਰਥੱਲੀ :- ਚਰਚਿਤ ਲੋਕ ਗਾਇਕ 'ਪੰਮਾ ਸਾਹਿਰ'

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ ਦਰਦੀ ਫ਼ਰੀਦਕੋਟ




ਪੰਜਾਬੀ ਸੰਗੀਤ ਜਗਤ ਦੀ ਓਸ ਮਾਣਮੱਤੀ ਸਖਸ਼ੀਅਤ ਨਾਲ, ਤੁਹਾਡੀ ਰੂਹਦਾਰੀ ਦੀ ਸਾਂਝ ਪਵਾਉਣ ਜਾ ਰਹੇ ਹਾਂ। ਜਿਨਾਂ ਦੇਸ ਵਿਦੇਸ਼ ਵਿੱਚ ਆਪਣੀ ਖੂਬਸੁਰਤ ਬੁਲੰਦ ਆਵਾਜ ਨਾਲ ਦੁਨੀਆ ਭਰ ਵਿੱਚ, ਇੱਕ ਵਿਲੱਖਣ ਭੱਲ ਸਥਾਪਿਤ ਕੀਤੀ। ਜਿਨਾਂ ਪੰਜਾਬ ਬਹੁਤ ਸਾਰੀਆ ਸੁਰੀਲੀਆਂ ਲੋਕ ਗਾਇਕਾ ਨਾਲ ਗਾ ਸੰਗੀਤ ਇੰਡਸਟ੍ਰੀਜ ਵਿੱਚ ਨਵੇ ਮੁਕਾਮ ਬਣਾਏ,ਜਿਵੇਂ ਕਿ ਸੁਦੇਸ਼ ਕੁਮਾਰੀ, ਮਿਸ ਪੂਜਾ, ਜੈਸਮੀਨ ਅਖਤਰ,ਗੁਰਲੇਜ ਅਖਤਰ, ਪਾਲੀ ਸਿੱਧੂ ਆਦਿ।

ਏਨਾਂ ਦੇ ਪਹਿਲੇ ਮਕਬੂਲ ਡਿਊਟ ਗੀਤ ਨੇ 'ਗੱਡੀ ਸੌਕੀਨ ਜੱਟ ਦੀ' ਨੇ ਸੰਗੀਤਕ ਖੇਤਰ ਵਿਚ ਤਰਥੱਲੀ ਮਚਾ ਦਿੱਤੀ। ਜੀ ਹਾਂ ਤੁਸੀ ਸਮਝ ਹੀ ਗਏ ਕਿ ਮੈ ਗੱਲ ਕਰ ਰਿਹਾ ਹਾਂ, ਪੰਜਾਬੀ ਸੰਗੀਤ ਜਗਤ ਦੇ ਚਰਚਿਤ ਲੋਕ ਗਾਇਕ "ਪੰਮਾ ਸਾਹਿਰ ਜੀ" ਦੀ। 'ਪੰਮਾ ਸਾਹਿਰ' ਪੰਜਾਬ ਦਾ ਓਹ ਲੋਕ ਗਾਇਕ ਹੈ, ਜਿਨਾਂ ਨੂੰ ਦੇਸ਼ ਵਿਦੇਸ਼ ਵਿਚ ਬੈਠੇ ਸੰਗੀਤਕ ਪ੍ਰੇਮੀਆ ਵੱਲੋ ਏਨਾਂ ਦੇ ਡਿਊਟ ਤੇ ਸਿੰਗਲ ਟਰੈਕ ਮੇਲਿਆਂ, ਅਖਾੜਿਆ ਤੇ ਯੂਟਿਊਬ ਚੈਨਲਾਂ ਸਰੋਤਿਆ ਵੱਲੋ ਮਣਾਂ ਮੂੰਹੀ ਪਿਆਰ ਮੁਹੱਬਤ ਹਮੇਸਾਂ ਮਿਲਦਾ ਰਹਿੰਦਾ ਹੈ। ਜਿਵੇਂ ਕਿ :- ਡਿਊਟ ਗੀਤ 'ਸਿਜਦਾ ਕਰ ਕਰ' ( ਸੁਦੇਸ਼ ਕੁਮਾਰੀ) ਨਾਲ , ਛੱਲਾ ( ਮਿਸ ਪੂਜਾ) , ਜਾਨ ਜਾਨ ( ਮਿਸ ਪੂਜਾ), ਜੁਦਾਈਆਂ (ਸੁਦੇਸ਼ ਕੁਮਾਰੀ) , ਦੂਰੀਆਂ ( ਪਾਲੀ ਸਿੱਧੂ), ਚਰਚਾ ( ਗੁਰਲੇਜ ਅਖਤਰ), ਜਾਨ ਮੇਰੀ ਝੋਨਾ ਲਾਉਂਦੀ ਏਂ ( ਐਰੀ ਝਿੰਜਰ) ਤੇ ਸਿੰਗਲ ਟਰੈਕ 'ਬੰਦਾ ਹਰਦਾ ਕਿਥੇ', ਲਾਸਟ ਫਾਈਟ , ਝੱਲਾ, ਪਿਆਰ ਦੀ ਚਰਚਾ, ਚਿੱਟਾ v/s ਮਾਪੇ , ਰੱਬਾ, 'ਅਰਥੀ ਨੂੰ ਮੋਢਾ' ਆਦਿ ਖੂਬ ਚਰਚਾ ਵਿਚ ਹਨ।

ਜੇਕਰ ਏਨਾਂ ਦੇ ਨਵੇਂ ਸਿੰਗਲ ਟਰੈਕ 'ਪਰੀ' ਦੀ ਗੱਲ ਕਰੀਏ ਤਾਂ 'ਸਵੀਟ ਰਿਕਾਰਡ' ਕੰਪਨੀ ਦੇ ਯੂਟਿਊਬ ਚੈਨਲ ਤੇ ਸੰਗੀਤਕ ਪ੍ਰੇਮੀਆ ਵੱਲੋ ਬੇਇੰਤਹਾ ਪਿਆਰ ਖੱਟ ਰਿਹਾ ਹੈ। ਇਸ ਸਿੰਗਲ ਟਰੈਕ ਨੂੰ ਪੰਜਾਬੀ ਮਾਂ ਬੋਲੀ ਦੇ ਲਾਡਲੇ ਗੀਤਕਾਰ ' ਨਿਰਮਤ ਸਿੰਘ ਯੂ.ਐਸ.ਏ ਵੱਲੋ ਸੁੰਦਰ ਸ਼ਬਦਾਵਲੀ ਵਿੱਚ ਪਰੋਇਆਂ ਗਿਆ। ਇਸ ਦਾ ਸੰਗੀਤ ਨਾਮਵਰ 'ਫਾਇਰ ਬੀਟ ਸਟੂਡੀਓ' ਵੱਲੋ ਦਿਲ ਨੂੰ ਛੂਹਣ ਵਾਲੀਆਂ ਧੁੰਨਾਂ ਨਾਲ ਸ਼ਿੰਗਾਰਿਆ। ਇਸ ਸਿੰਗਲ ਟਰੈਕ ਦਾ ਬੇਹਤਰੀਣ ਫਿਲਮਾਂਕਣ ਵੀਡੀਓਗ੍ਰਾਫਰ ਸਿੰਘ.ਬੀ ਬਿਸਨੰਦੀ ਤੇ ਪਾਲੀਵੁੱਡ ਦੇ ਨਾਮਵਰ ਡਾਇਰੈਕਟਰ 'ਤਰਸੇਮ ਵਾਂਦਰ ਜੀ ' ਵੱਲੋ ਖੂਬਸੂਰਤ ਲੋਕੇਸ਼ਨ ਤੇ ਤਿਆਰ ਅਤੇ ਫੀਚਰ 'ਰੇਸ਼ਮ ਅਨਮੋਲ ਜੀ' ਵੱਲੋ ਕੀਤਾ ਗਿਆ। ਇਸ ਸਿੰਗਲ ਟਰੈਕ ਦੇ ਪ੍ਰੋਡਿਊਸਰ 'ਰਵਿੰਦਰ ਜੰਡਵਾਲੀਆਂ ਜੀ' ਹਨ।

ਗੱਲਬਾਤ ਦੌਰਾਨ ਚਰਚਿਤ ਲੋਕ ਗਾਇਕ ' ਪੰਮਾ ਸਾਹਿਰ ਜੀ' ਨੇ ਵਿਸੇਸ਼ ਤੌਰ ਤੇ ਉਘੇ ਗੀਤਕਾਰ ਤੇ ਅਦਾਕਾਰ ਪੰਜਾਬੀ ਸਾਹਿਤ ਜਗਤ ਦੀ ਮਾਣਮੱਤੀ ਸਖਸ਼ੀਅਤ ' ਮਲਕੀਤ ਕਿੱਟੀ ਜੀ' ਦਾ ਸੁਕਰਾਨਾ ਕਰਦਿਆ ਕਿਹਾ ਕਿ ' ਮਲਕੀਤ ਕਿੱਟੀ ਜੀ' ਸਮੇ ਸਮੇ ਤੇ ਸਾਡੇ ਪ੍ਰੋਜੈਕਟ ਵਿੱਚ ਸਹਿਯੋਗ ਕਰਦੇ ਰਹਿੰਦੇ ਹਨ।

ਲੋਕ ਗਾਇਕ 'ਪੰਮਾ ਸਾਹਿਰ ਜੀ' ਦੀ ਸਮੁੱਚੀ ਟੀਮ ਦੇ ਉੱਜਵਲ ਭਵਿੱਖ ਲਈ ਮੈ ਦੁਆਗੋ ਹਾਂ। ਪ੍ਰਮਾਤਮਾ ਏਨਾਂ ਦੀ ਮੰਜ਼ਿਲ ਦਾ ਰਾਹ ਸੁਖਾਲਾ ਕਰੇ ਤੇ ਸਫਲਤਾ ਪੈਰ ਚੁੰਮੇ। ਆਮੀਨ

## ਸਰੀ ਦੀ ਮੇਅਰ ਬਰਿੰਡਾ ਲੌਕ ਵੱਲੋਂ ਪੰਜਾਬੀ ਪ੍ਰੈੱਸ ਕਲੱਬ ਨਾਲ ਅਹਿਮ ਮੀਟਿੰਗ; ਫਿਰੌਤੀਆਂ ਤੇ ਸੁਰੱਖਿਆ ਮੁੱਦਿਆਂ 'ਤੇ ਖੁੱਲ੍ਹ ਕੇ ਹੋਈ ਵਿਚਾਰ ਚਰਚਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ 6 ਮਾਰਚ :ਸਰੀ ਦੀ ਮੇਅਰ ਬਰਿੰਡਾ ਲੌਕ ਵੱਲੋਂ 'ਪੰਜਾਬੀ ਪ੍ਰੈੱਸ ਕਲੱਬ ਆਫ਼ ਬੀ.ਸੀ.' ਦੇ ਨੁਮਾਇੰਦਿਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿੱਚ ਸ਼ਹਿਰ ਦੀ ਸੁਰੱਖਿਆ, ਵਧ ਰਹੀਆਂ ਫਿਰੌਤੀਆਂ ਅਤੇ ਆਗਾਮੀ ਨਗਰ ਕੀਰਤਨ ਦੇ ਪ੍ਰਬੰਧਾਂ ਵਰਗੇ ਅਹਿਮ ਮੁੱਦਿਆਂ 'ਤੇ ਖੁੱਲ੍ਹ ਕੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਦੇ ਆਰੰਭ ਵਿੱਚ ਮੇਅਰ ਨੇ ਸਮੂਹ ਭਾਈਚਾਰੇ ਨੂੰ ਹੋਲੀ ਅਤੇ ਹੋਲੇ ਮਹੱਲੇ ਦੇ ਤਿਉਹਾਰ ਦੀ ਮੁਬਾਰਕਬਾਦ ਦਿੱਤੀ। ਉਨ੍ਹਾਂ 18 ਅਪ੍ਰੈਲ ਨੂੰ ਸਰੀ ਵਿੱਚ ਸਜਾਏ ਜਾ ਰਹੇ ਖਾਲਸਾ ਦਿਹਾੜੇ ਦੇ ਨਗਰ ਕੀਰਤਨ ਦੌਰਾਨ ਸੁਰੱਖਿਆ ਯਕੀਨੀ ਬਣਾਉਣ ਅਤੇ ਸੁਚਾਰੂ ਪ੍ਰਬੰਧਾਂ ਲਈ ਵਿਸ਼ੇਸ਼ ਚਰਚਾ ਕੀਤੀ। ਇਸ ਪ੍ਰੈੱਸ ਕਾਨਫਰੰਸ ਦੌਰਾਨ ਮੇਅਰ ਨੇ ਆਉਣ ਵਾਲੀਆਂ ਚੋਣਾਂ ਵਿੱਚ ਮੁੜ ਮੇਅਰ ਵਜੋਂ ਚੋਣ ਲੜਨ ਦਾ ਅਧਿਕਾਰਤ ਐਲਾਨ ਵੀ ਕੀਤਾ।

ਸ਼ਹਿਰ ਵਿੱਚ ਫਿਰੌਤੀਆਂ ਦੇ ਗੰਭੀਰ ਮਸਲਿਆਂ 'ਤੇ ਗੱਲਬਾਤ ਕਰਦਿਆਂ ਮੇਅਰ ਨੇ ਕਿਹਾ ਕਿ ਉਹ ਕੇਂਦਰ ਅਤੇ ਸੂਬਾ ਸਰਕਾਰ ਤੋਂ ਵਾਧੂ ਫੰਡਿੰਗ ਦੀ ਮੰਗ ਕਰ ਰਹੇ ਹਨ। ਉਨ੍ਹਾਂ ਇਨ੍ਹਾਂ ਘਟਨਾਵਾਂ ਨੂੰ ਸਿਰਫ਼ ਸ਼ਹਿਰ ਜਾਂ ਸੂਬੇ ਤੱਕ ਸੀਮਤ ਨਾ ਮੰਨਦੇ ਹੋਏ 'ਟਰਾਂਸ ਨੈਸ਼ਨਲ ਕ੍ਰਾਈਮ' (ਅੰਤਰਰਾਸ਼ਟਰੀ ਅਪਰਾਧ) ਵਜੋਂ ਵੇਖਣ ਦੀ ਗੱਲ ਕਹੀ। ਮੇਅਰ ਨੇ ਬੜੀ ਬੇਬਾਕੀ ਨਾਲ ਕਿਹਾ ਕਿ ਫਿਰੌਤੀਆਂ, ਲੁੱਟਾਂ-ਖੋਹਾਂ ਅਤੇ ਕਤਲਾਂ ਦੇ ਗੰਭੀਰ ਜੁਰਮਾਂ ਦੇ ਬਾਵਜੂਦ ਸਰੀ ਨੂੰ ਅੱਖੋਂ-ਪਰੋਖੇ ਕੀਤਾ ਗਿਆ ਹੈ। ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਕਿਹਾ ਕਿ ਜੇਕਰ ਅਜਿਹੀ ਸਥਿਤੀ ਓਟਵਾ, ਵੈਨਕੂਵਰ ਜਾਂ ਕਿਸੇ ਹੋਰ ਵੱਡੇ ਸ਼ਹਿਰ ਵਿੱਚ ਹੁੰਦੀ, ਤਾਂ ਸਰਕਾਰਾਂ ਦਾ ਰਵੱਈਆ ਬਿਲਕੁਲ ਵੱਖਰਾ ਹੋਣਾ ਸੀ।

ਇਸ ਤੋਂ ਇਲਾਵਾ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਦੀ ਭਾਰਤ ਫੇਰੀ, ਮਨਿੰਦਰ ਸਿੰਘ ਬੋਇਲ ਨੂੰ ਜਾਨੀ ਖ਼ਤਰੇ ਅਤੇ ਸੁਰੱਖਿਆ ਨਾਲ ਜੁੜੇ ਹੋਰ ਮਾਮਲਿਆਂ ਬਾਰੇ ਪੰਜਾਬੀ ਪ੍ਰੈੱਸ ਕਲੱਬ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ ਗਈ। ਮੇਅਰ ਨੇ ਭਾਰਤ ਸਰਕਾਰ ਦੇ ਉਸ ਅਧਿਕਾਰੀ ਦੇ ਦਾਅਵੇ ਨਾਲ ਅਸਹਿਮਤੀ ਪ੍ਰਗਟਾਈ ਅਤੇ ਉਸ ਨੂੰ ਰੱਦ ਕਰ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਕੈਨੇਡਾ ਵਿੱਚ ਹਿੰਸਕ ਅਤੇ ਮੁਜਰਮਾਨਾ ਗਤੀਵਿਧੀਆਂ ਵਿੱਚ ਭਾਰਤ ਦੀ ਕੋਈ ਭੂਮਿਕਾ ਨਹੀਂ ਹੈ।

ਇਸ ਮੌਕੇ ਮੇਅਰ ਬਰਿੰਡਾ ਲੌਕ ਤੋਂ ਇਲਾਵਾ ਸਿਟੀ ਕੌਂਸਲਰ, ਸੰਚਾਰ ਵਿਭਾਗ ਦੇ ਅਧਿਕਾਰੀ ਅਤੇ ਪ੍ਰਭਜੋਤ ਕੌਰ ਕਾਹਲੋਂ ਸਮੇਤ ਕਈ ਨੁਮਾਇੰਦੇ ਸ਼ਾਮਿਲ ਸਨ। ਪੰਜਾਬੀ ਪ੍ਰੈੱਸ ਕਲੱਬ ਵੱਲੋਂ ਵੱਖ-ਵੱਖ ਰੇਡੀਓ, ਟੈਲੀਵਿਜ਼ਨ ਅਤੇ ਅਖ਼ਬਾਰੀ ਅਦਾਰਿਆਂ ਦੇ ਨੁਮਾਇੰਦੇ ਬਲਦੇਵ ਸਿੰਘ ਮਾਨ, ਬਲਵੀਰ ਕੌਰ ਢਿੱਲੋਂ, ਗੁਰਸੇਵ ਸਿੰਘ ਪੰਧੇਰ, ਸੀ.ਜੇ. ਸਿੱਧੂ, ਗੁਰਬਾਜ ਸਿੰਘ ਬਰਾੜ, ਪਰਨੀਤ ਕਾਮਰਾ ਅਤੇ ਸੰਤੋਖ ਸਿੰਘ ਮੰਡੇਰ ਆਦਿ ਹਾਜ਼ਰ ਹੋਏ। ਮੀਟਿੰਗ ਦਾ ਸੰਚਾਲਨ ਪੰਜਾਬੀ ਪ੍ਰੈੱਸ ਕਲੱਬ ਦੇ ਸਕੱਤਰ ਅਮਰਪਾਲ ਸਿੰਘ ਵੱਲੋਂ ਕੀਤਾ ਗਿਆ ਅਤੇ ਅਖੀਰ ਵਿੱਚ ਕਲੱਬ ਦੇ ਪ੍ਰਧਾਨ ਡਾ. ਗੁਰਵਿੰਦਰ ਸਿੰਘ ਧਾਲੀਵਾਲ ਨੇ ਇਸ ਪ੍ਰੈੱਸ ਕਾਨਫਰੰਸ ਲਈ ਸਿਟੀ ਆਫ਼ ਸਰੀ ਦੀ ਮੇਅਰ ਅਤੇ ਸਮੁੱਚੇ ਸਟਾਫ਼ ਦਾ ਧੰਨਵਾਦ ਕੀਤਾ।

## ਸਪੀਕਰ ਸੰਧਵਾਂ ਵੱਲੋਂ 'ਆਪਣਾ ਕਾਰੋਬਾਰ, ਆਪਣੀ ਪਹਿਚਾਣ' ਤਹਿਤ 100 ਉੱਦਮੀ ਮਹਿਲਾਵਾਂ ਦਾ ਸਨਮਾਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 6 ਮਾਰਚ : ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਅਗਰਵਾਲ ਧਰਮਸ਼ਾਲਾ ਕੋਟਕਪੂਰਾ ਵਿਖੇ ਪੰਜਾਬ ਸਰਕਾਰ ਵੱਲੋਂ ਉਲੀਕੇ ਗਏ 'ਆਪਣਾ ਕਾਰੋਬਾਰ, ਆਪਣੀ ਪਹਿਚਾਣ' ਪ੍ਰੋਗਰਾਮ ਤਹਿਤ 100 ਉੱਦਮੀ ਮਹਿਲਾਵਾਂ ਦਾ ਸਨਮਾਨ ਕੀਤਾ। ਇਸ ਮੌਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਮਹਿਲਾ ਉਦਮੀਆਂ ਨੂੰ ਸਨਮਾਨਿਤ ਕਰਦਿਆਂ ਕਿਹਾ ਕਿ ਮਹਿਲਾਵਾਂ ਅੱਜ ਹਰ ਖੇਤਰ ਵਿੱਚ ਅਗਵਾਈ ਕਰ ਰਹੀਆਂ ਹਨ ਅਤੇ ਆਪਣੀ ਮਿਹਨਤ ਅਤੇ ਲਗਨ ਨਾਲ ਸਮਾਜ ਵਿੱਚ ਨਵਾਂ ਮਾਪਦੰਡ ਸਥਾਪਿਤ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਹਿਲਾਵਾਂ ਨੂੰ ਆਤਮਨਿਰਭਰ ਬਣਾਉਣ ਲਈ ਵਚਨਬੱਧ ਹੈ ਅਤੇ ਵੱਖ-ਵੱਖ ਯੋਜਨਾਵਾਂ ਰਾਹੀਂ ਉਨ੍ਹਾਂ ਨੂੰ ਰੋਜ਼ਗਾਰ ਅਤੇ ਸਵੈ ਰੋਜ਼ਗਾਰ ਦੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ 'ਆਪਣਾ ਕਾਰੋਬਾਰ, ਆਪਣੀ ਪਹਿਚਾਣ' ਮੁਹਿੰਮ ਦਾ ਉਦੇਸ਼ ਮਹਿਲਾਵਾਂ ਨੂੰ ਆਪਣਾ ਕਾਰੋਬਾਰ ਸ਼ੁਰੂ ਕਰਨ ਅਤੇ ਉਸਨੂੰ ਸਫਲਤਾਪੂਰਵਕ ਅੱਗੇ ਵਧਾਉਣ ਲਈ ਪ੍ਰੋਤਸਾਹਿਤ ਕਰਨਾ ਹੈ, ਤਾਂ ਜੋ ਉਹ ਆਰਥਿਕ ਤੌਰ 'ਤੇ ਮਜ਼ਬੂਤ ਬਣ ਸਕਣ। ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉੱਦਮੀ ਮਹਿਲਾਵਾਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਫਲਤਾ ਹੋਰ ਮਹਿਲਾਵਾਂ ਲਈ ਪ੍ਰੇਰਣਾ ਸਰੋਤ ਬਣੇਗੀ। ਇਸ ਮੌਕੇ ਸੁਖਮੰਦਰ ਸਿੰਘ ਰੇਖੀ ਮੈਨੇਜਰ ਜਿਲ੍ਹਾ ਉਦਯੋਗ ਕੇਂਦਰ, ਦਮਨਪ੍ਰੀਤ ਸਿੰਘ ਸੋਢੀ, ਮਨਪ੍ਰੀਤ ਸਿੰਘ ਧਾਲੀਵਾਲ ਪੀ.ਆਰ.ਓ., ਬੀ.ਡੀ.ਪੀ.ਓ. ਕੋਟਕਪੂਰਾ ਵਕਾਸ ਸ਼ਰਮਾ, ਮਹਿਲਾ ਕੁਆਰਡੀਨੇਟਰ ਰਣਜੀਤ ਕੌਰ ਮੰਡਵਾਲਾ, ਪੂਨਮ ਰਾਣੀ, ਰਾਜਦੀਪ ਕੌਰ ਬਲਾਕ ਕੁਆਰਡੀਨੇਟਰ, ਜਸਪ੍ਰੀਤ ਕੌਰ ਕਲਿਆਣ, ਪ੍ਰਦੀਪ ਕੌਰ ਢਿੱਲੋ ਤੋਂ ਇਲਾਵਾ ਹੋਰ ਹਾਜ਼ਰ ਸਨ।

## ਗ਼ਜ਼ਲ

ਵਰਲਡ ਪੰਜਾਬੀ ਟਾਈਮਜ਼ ਬਲਵਿੰਦਰ 'ਬਾਲਮ' ਗੁਰਦਾਸਪੁਰ

ਕੱਲੀ ਰਹਿ ਕੇ ਕੰਧਾਂ ਨਾਲ ਉਹ ਗੱਲਾਂ ਕਰਦੀ ਹੋਵੇਗੀ।
ਪਲ-ਪਲ ਜੀਉਂਦੀ ਹੋਵੇਗੀ ਉਹ ਪਲ-ਪਲ ਮਰਦੀ ਹੋਵੇਗੀ।

ਨਾ ਕੋਈ ਖੇਵਨਹਾਰਾ ਉਥੇ ਨਾ ਬੇੜੀ ਨਾ ਚੱਪੂ,
ਦੁਖ ਦਾ ਲੰਬਾ ਚੌੜਾ ਸਾਗਰ ਕਿੱਦਾਂ ਤਰਦੀ ਹੋਵੇਗੀ।

ਭਰ-ਭਰ ਕੇ ਕਰਮੰਡਲ ਅਪਣੇ ਉਤੇ ਸੁਟਦੀ ਜਾਂਦੀ ਏ,
ਸੋਚਾਂ ਵਾਲੇ ਖੂਹ ਦੇ ਵਿਚੋਂ ਪਾਣੀ ਭਰਦੀ ਹੋਵੇਗੀ।

ਅੰਬਰ ਨਾਲੋਂ ਉਚੀ ਪੀੜਾ ਤੇ ਸਾਗਰ ਨਾਲੋਂ ਗਹਿਰੀ,
ਤਨ ਤੇ ਆਏ ਜ਼ਖ਼ਮ ਅਵੱਲੇ ਰੋ-ਰੋ ਜਰਦੀ ਹੋਵੇਗੀ।

ਸੋਚੇਗੀ ਉਹ ਰੱਬ ਨੇ ਮੈਨੂੰ ਕਿਹੜੀ ਖੇਡ 'ਚ ਪਾਇਆ,
ਨਾ ਉਹ ਜਿਤਦੀ ਹੋਵੇਗੀ ਤੇ ਨਾ ਉਹ ਹਰਦੀ ਹੋਵੇਗੀ।

ਪੋਤੇ-ਪੋਤੀਆਂ ਨੂਹਾਂ ਪੁੱਤਰ ਜੁਗ-ਜੁਗ ਹੀ ਸਾਰੇ ਜੀਵਨ,
ਨਿੱਕੀ-ਨਿੱਕੀ ਚਿੰਤਾ ਉਸ ਨੂੰ ਅਪਣੇ ਘਰ ਦੀ ਹੋਵੇਗੀ।

ਪਾਗ਼ਲ ਕੁਝ ਵੀ ਦੱਸ ਨਈਂ ਸਕਦਾ ਉਸ ਦੇ ਅੰਦਰ ਕੀ ਕੁਝ ਹੈ,
ਬਿਨ ਪਾਣੀ ਦੇ ਉਡਦੀ ਬੱਦਲੀ ਕਿੱਦਾਂ ਵਰ੍ਹਦੀ ਹੋਵੇਗੀ।

ਸੂਰਜ ਚੰਦਰਾ ਕੀ ਹੈ ਜਾਣੇਂ ਦੁੱਖ ਕਿਸੇ ਦੇ ਅੰਦਰ ਦਾ,
ਧੁੱਪਾਂ ਵਿਚ ਵੀ ਉਚੀ ਚੋਟੀ ਬਰਫ਼ 'ਚ ਠਰਦੀ ਹੋਵੇਗੀ।

ਬਾਲਮ ਬੇਸ਼ਕ ਦੁੱਖ ਦੇ ਅੰਦਰ ਸਾਰੇ ਤੇਰੇ ਨਾਲ ਖੜੇ,
ਸੋਚਾਂ ਦੀ ਗਾਂ ਪਤਝੜ ਦੇ ਵਿਚ ਕੱਲੀ ਚਰਦੀ ਹੋਵੇਗੀ।